# ਜ਼ਿਲ੍ਹਾ ਭਲਾਈ ਅਫ਼ਸਰ

**ਬਣਤਰ:** ਇਸ ਵਿਭਾਗ ਦੇ ਜ਼ਿਲ੍ਹਾ ਮੁਖੀ ਜ਼ਿਲ੍ਹਾ ਭਲਾਈ ਅਫ਼ਸਰ ਹਨ, ਜਿਨ੍ਹਾਂ ਦਾ ਦਫ਼ਤਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਥਿਤ ਹੈ ।

ਦਫ਼ਤਰ ਜ਼ਿਲ੍ਹਾ ਭਲਾਈ ਅਫ਼ਸਰ, ਮਾਨਸਾ ਵੱਲੋਂ ਅਨੁਸੂਚਿਤ ਜਾਤੀਆਂ ਅਤੇ ਪਛੜੀਆਂ ਸ਼੍ਰੇਣੀਆਂ ਦੀ ਭਲਾਈ ਲਈ ਜੋ ਸਰਕਾਰ ਵਲੋਂ ਵੱਖ-ਵੱਖ ਸਮੇਂ ਤੇ ਸਕੀਮਾਂ ਚਲਾਈਆਂ ਜਾ ਰਹੀਆਂ ਹਨ, ਉਨ੍ਹਾਂ ਨੂੰ ਲਾਗੂ ਕਰਨ ਦੇ ਉਪਰਾਲੇ ਕੀਤੇ ਜਾ ਰਹੇ ਹਨ । ਸਰਕਾਰ ਵਲੋਂ ਸਮਾਜ ਦੀਆਂ ਅਨੁਸੂਚਿਤ ਜਾਤੀਆਂ ਲਈ ਚਾਲੂ ਭਲਾਈ ਸਕੀਮਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

### 1. *ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ ਪ੍ਰਾਇਮਰੀ ਪੱਧਰ ਤੇ ਹਾਜ਼ਰੀ ਵਜ਼ੀਫ਼ਾ:-*

ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪ੍ਰਾਇਮਰੀ ਤੱਕ ਪੜ੍ਹ ਰਹੀਆਂ ਲੜਕੀਆਂ ਨੂੰ 50 ਰੁ: ਪ੍ਰਤੀ ਮਹੀਨਾ ਸਾਲ ਵਿੱਚ 10 ਮਹੀਨੇ ਹਾਜ਼ਰੀ ਵਜੀਫਾ ਦਿੱਤਾ ਜਾਂਦਾ ਹੈ । ਸਾਲ 2003-2004 ਵਿੱਚ ਇਸ ਸਕੀਮ ਤਹਿਤ 30.00 ਲੱਖ ਰੁ: ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀ: ਸਿ:) ਮਾਨਸਾ ਨੂੰ ਵੰਡਣ ਲਈ ਦਿੱਤਾ ਗਿਆ ਸੀ, ਜਿਸ ਨਾਲ ਇਸ ਜ਼ਿਲ੍ਹੇ ਦੀਆਂ 12523 ਲੜਕੀਆਂ ਨੂੰ ਲਾਭ ਪੁੱਜਾ ਹੈ ।

### 2. *ਅਨੁਸੂਚਿਤ ਜਾਤੀ ਖਿਡਾਰੀ ਵਿਦਿਆਰਥੀਆਂ ਨੂੰ ਵਜੀਫਾ (ਸਪੋਰਟਸ ਸਟੂਡੈਂਟਸ 6ਵੀਂ-12ਵੀਂ ਸ਼੍ਰੇਣੀ) :-*

ਅਨੁਸੂਚਿਤ ਜਾਤੀ ਦੇ ਵਿਦਿਆਰਥੀ ਜਿਹੜੇ ਖੇਡਾਂ ਵਿੱਚ ਅੱਛੇ ਹਨ, ਨੂੰ ਪ੍ਰਾਇਮਰੀ, ਮਿਡਲ ਅਤੇ ਹਾਈ ਸ਼ਕੂਲ ਪੱਧਰ ਤੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਨੂੰ ਵਿੱਦਿਅਕ ਬਲਾਕ ਪੱਧਰ ਤੇ 25/- ਰੁ: ਪ੍ਰਤੀ ਮਹੀਨਾ ਵਜੀਫ਼ਾ ਦਿੱਤਾ ਜਾਂਦਾ ਹੈ । ਇਹ ਇਨਾਮ ਪੰਜਵੀਂ ਦੇ ਅਧਾਰ ਤੇ ਤਿੰਨ ਸਾਲ, ਅਠਵੀਂ ਅਤੇ ਦਸਵੀਂ ਦੇ ਅਧਾਰ ਤੇ ਦੋ ਸਾਲ ਲਈ ਦਿੱਤਾ ਜਾਂਦਾ ਹੈ । ਇਸ ਸਕੀਮ ਜ਼ਿਲ੍ਹਾ ਸਿੱਖਿਆ ਅਫ਼ਸਰ (ਸ:) ਵਲੋਂ ਲਾਗੂ ਕੀਤੀ ਜਾਂਦੀ ਹੈ ।

### 3. *ਧਰਮਸ਼ਾਲਾ ਸਕੀਮ:-*

ਇਸ ਸਕੀਮ ਅਧੀਨ ਅਨੁਸੂਚਿਤ ਜਾਤੀ ਦੀਆਂ ਬਸਤੀਆਂ ਵਿੱਚ ਜਿੱਥੇ ਕਿ ਉਨ੍ਹਾਂ ਦੇ ਘਰਾਂ ਦੀ ਗਿਣਤੀ 10 ਜਾਂ ਉਸ ਤੋਂ ਵੱਧ ਹੋਵੇ, ਨਵੀਂ ਧਰਮਸ਼ਾਲਾ ਦੀ ਉਸਾਰੀ ਲਈ 1.00 ਲੱਖ ਰੁ: ਅਤੇ ਪਹਿਲਾਂ ਬਣੀ ਧਰਮਸ਼ਾਲਾ ਦੀ ਮੁਰੰਮਤ ਲਈ 0.50 ਲੱਖ ਰੁ: ਪ੍ਰਤੀ ਧਰਮਸ਼ਾਲਾ ਦਿੱਤੇ ਜਾਂਦੇ ਹਨ । ਇਸ ਸਕੀਮ ਤਹਿਤ ਰੈਜ਼ੂਲੇਸ਼ਨ ਸਰਪੰਚ ਪੰਚਾਇਤ ਤੋਂ ਪ੍ਰਾਪਤ ਕਰਕੇ ਅਰਜ਼ੀ ਦਿੱਤੀ ਜਾਂਦੀ ਹੈ । ਜਿਸ ਤੇ ਸਮਰੱਥ ਅਧਿਕਾਰੀ ਦੇ ਹੁਕਮਾਂ ਉਪਰੰਤ ਗਰਾਂਟ ਜਾਰੀ ਕੀਤੀ ਜਾਂਦੀ ਹੈ ।

### 4. *ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਮੁਫਤ ਪਾਠ-ਪੁਸਤਕਾਂ ਦੇਣ ਦੀ ਸਕੀਮ:-*

ਪੰਜਾਬ ਸਰਕਾਰ (ਭਲਾਈ ਵਿਭਾਗ) ਵਲੋਂ ਰਾਜ ਦੇ ਸਰਕਾਰੀ ਅਤੇ ਮਾਨਤਾ ਪ੍ਰਾਪਤ ਸਕੂਲਾਂ ਵਿੱਚ ਪਹਿਲੀ ਤੋਂ ਦਸਵੀਂ ਤੱਕ ਪੜ੍ਹ ਰਹੇ ਅਨੁਸੂਚਿਤ ਜਾਤੀਆਂ ਦੇ ਵਿਦਿਆਰਥੀਆਂ ਨੂੰ ਹਰ ਵਿੱਦਿਅਕ ਸੈਸ਼ਨ ਦੇ ਸ਼ੁਰੂ ਵਿੱਚ ਮੁਫ਼ਤ ਪਾਠ ਪੁਸਤਕਾਂ ਮੁਹੱਈਆਂ ਕਰਵਾਈਆਂ ਜਾਂਦੀਆਂ ਹਨ, ਸਕੂਲਾਂ ਦੇ ਮੁਖੀਆਂ ਵਲੋਂ ਵਿਦਿਆਰਥੀਆ ਦੀਆਂ ਲਿਸਟਾਂ ਪ੍ਰਾਪਤ ਕਰਕੇ ਕਿਤਾਬਾਂ ਦੀ ਸਪਲਾਈ ਸਬੰਧਿਤ ਤਹਿਸੀਲ ਭਲਾਈ ਅਫ਼ਸਰਾਂ ਵਲੋਂ ਕੀਤੀ ਜਾਂਦੀ ਹੈ ।

### 5. *ਲਾਈਟ/ਹੈਵੀ ਵਹੀਕਲ ਡਰਾਇਵਿੰਗ ਟ੍ਰੇਨਿੰਗ ਸਕੀਮ:-*

ਅਨੁਸੂਚਿਤ ਜਾਤੀਆਂ ਦੇ ਬੇਰੁਜ਼ਗਾਰ ਯੁਵਕਾਂ ਨੂੰ ਜਿਨ੍ਹਾਂ ਦੇ ਮਾਪਿਆਂ ਦੀ ਸਲਾਨਾ ਆਮਦਨ 11,000/- ਰੁ: ਤੋਂ ਘੱਟ ਹੈ ਅਤੇ ਉਮਰ 21 ਤੋਂ 35 ਸਾਲਾਂ ਦੇ ਦਰਮਿਆਨ ਹੋਵੇ ਅਤੇ ਵਿੱਦਿਅਕ ਯੋਗਤਾ ਮਿਡਲ ਤੋਂ ਘੱਟ ਨਾ ਹੋਵੇ, ਨੂੰ

ਮਾਨਤਾ ਪ੍ਰਾਪਤ ਸੰਸਥਾਵਾਂ ਤੋਂ ਟ੍ਰੇਨਿੰਗ ਦਵਾਈ ਜਾਂਦੀ ਹੈ। ਇਸ ਟ੍ਰੇਨਿੰਗ ਦੌਰਾਨ ਸਿਖਿਆਰਥੀਆਂ ਨੂੰ 750/- ਰੁ: ਪ੍ਰਤੀ ਮਹੀਨਾ ਵਜੀਫ਼ਾ ਦਿੱਤਾ ਜਾਂਦਾ ਹੈ ਅਤੇ ਸਿਖਲਾਈ ਸੰਸਥਾ ਨੂੰ 1000/- ਰੁ: ਪ੍ਰਤੀ ਸਿਖਿਆਰਥੀ ਪ੍ਰਤੀ ਮਹੀਨਾ ਟ੍ਰੇਨਿੰਗ ਖਰਚਾ ਦਿੱਤਾ ਜਾਂਦਾ ਹੈ। ਟ੍ਰੇਨਿੰਗ ਦੇਣ ਉਪਰੰਤ ਲੋੜੀਦਾ ਲਾਇਸੰਸ ਸਬੰਧਤ ਸਕੂਲ ਵਲੋਂ ਬਣਾ ਕੇ ਦਿੱਤਾ ਜਾਂਦਾ ਹੈ। ਇਸ ਸਬੰਧੀ ਬਿਨੈ-ਪੱਤਰ ਸਾਦੇ ਕਾਗਜ਼ ਤੇ ਦਿੱਤਾ ਜਾਂਦਾ ਹੈ।

### 6. *ਮੋਚੀਆਂ ਨੂੰ ਖੋਖੇ ਬਣਾ ਕੇ ਦੇਣ ਦੀ ਸਕੀਮ :-*

*ਇਸ ਸਕੀਮ ਤਹਿਤ ਅਜਿਹੇ ਮੋਚੀਆਂ ਨੂੰ ਲਾਭ ਪਹੁੰਚਾਇਆ ਜਾਂਦਾ ਹੈ,* ਜੋ ਸੜਕਾਂ ਦੇ ਕਿਨਾਰੇ ਚੋਰਾਹਿਆਂ ਵਿੱਚ ਥੜ੍ਹਿਆਂ ਤੇ ਬੈਠ ਕੇ ਜੁੱਤੀਆਂ ਦੀ ਮੁਰੰਮਤ ਦਾ ਕੰਮ ਕਰਦੇ ਹਨ ਅਤੇ ਗਰੀਬੀ ਦੀ ਰੇਖਾ ਤੋਂ ਹੇਠਾਂ ਰਹਿ ਰਹੇ ਹਨ। ਇਸ ਸਕੀਮ ਅਧੀਨ ਹਰ ਇੱਕ ਅਜਿਹੇ ਮੋਚੀ ਨੂੰ 10,000 ਰੁ: ਦੀ ਗਰਾਂਟ ਦਿੱਤੀ ਜਾਂਦੀ ਹੈ। ਇਸ ਗਰਾਂਟ ਵਿੱਚ 8,000/- ਰੁ: ਨਾਲ ਉਸ ਨੇ ਖੋਖਾ ਬਨਾਉਣਾ ਹੁੰਦਾ ਹੈ ਅਤੇ 2,000/- ਰੁ: ਨਾਲ ਜੁੱਤੀਆਂ ਦਾ ਕੰਮ ਕਰਨ ਲਈ ਲੋੜੀਂਦੇ ਔਜਾਰ ਖਰੀਦਣੇ ਹੁੰਦੇ ਹਨ। ਇਸ ਸਕੀਮ ਤਹਿਤ ਸਾਦੇ ਕਾਗਜ਼ ਤੇ ਅਰਜ਼ੀ ਸਬੰਧਿਤ ਤਹਿਸੀਲ ਭਲਾਈ ਅਫ਼ਸਰ ਦੇ ਦਫ਼ਤਰ ਵਿੱਚ ਦਿੱਤੀ ਜਾਂਦੀ ਹੈ ਤੇ
ਉਹਨਾਂ ਵਲੋਂ ਸਿਫ਼ਾਰਸ਼ ਕਰਕੇ ਇਸ ਦਫ਼ਤਰ ਨੂੰ ਭੇਜੀ ਜਾਂਦੀ ਹੈ।

### 7. *ਬੁੱਕ ਬੈਂਕ ਸਕੀਮ:-*

ਅਨੁਸੂਚਿਤ ਜਾਤੀਆਂ ਦੇ ਨਾਨ ਮੈਡੀਕਲ, ਇੰਜਨੀਅਰਿੰਗ, ਵੈਟਰਨਰੀ, ਐਗਰੀਕਲਚਰ, ਪੋਲੀਟੈਕਨਿਕ ਕਲਾਸਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਨੂੰ ਵੱਖ-ਵੱਖ ਸੰਸਥਾਵਾਂ ਰਾਹੀਂ ਗਰਾਂਟ-ਇਨ-ਏਡ ਦਿੱਤੀ ਜਾਂਦੀ ਹੈ, ਕਿਤਾਬਾਂ ਦਾ ਇੱਕ ਸੈਟ ਦੋ ਵਿਦਿਆਰਥੀਆਂ ਵਾਸਤੇ ਹੁੰਦਾ ਹੈ। ਇਹ ਸਕੀਮ ਸਬੰਧਿਤ ਕਾਲਜਾਂ ਵਲੋਂ ਲਾਗੂ ਕੀਤੀ ਜਾਂਦੀ ਹੈ। ਇਹ ਸਕੀਮ ਸਰਕਾਰ ਵਲੋਂ ਅਨੁਸੂਚਿਤ ਜਾਤੀ ਵਿਦਿਆਰਥੀਆਂ ਨੂੰ ਉਚ ਵਿੱਦਿਆ ਹਾਸਲ ਕਰਨ ਵਿੱਚ ਮਦਦਗਾਰ ਸਾਬਤ ਹੁੰਦੀ ਹੈ।

### 8. *ਮਲੀਨ ਧੰਦਾ ਕਰਨ ਵਾਲੇ ਮਾਪਿਆਂ ਦੇ ਬੱਚਿਆਂ ਨੂੰ ਸਹਾਇਤਾ ਦੇਣ ਬਾਰੇ ਸਕੀਮ:-*

ਇਸ ਸਕੀਮ ਦਾ ਉਦੇਸ਼ ਮਲੀਨ ਧੰਦਾ ਕਰਨ (ਜਿਵੇਂ ਭੰਗੀ ਦਾ ਕੰਮ ਕਰਨ, ਗੋਹਾ, ਕੂੜਾ ਚੁੱਕਣ, ਪਸ਼ੂਆਂ ਦੀਆਂ ਖੱਲਾਂ ਉਤਾਰਨ ਅਤੇ ਰੰਗਣ) ਵਾਲੇ ਮਾਪਿਆਂ ਦੇ ਬੱਚਿਆਂ ਨੂੰ ਆਪਣੀ ਪੜ੍ਹਾਈ ਵਿੱਚੋਂ ਛੱਡਣ ਤੋਂ ਰੋਕਣਾ ਅਤੇ ਉਨ੍ਹਾਂ ਨੂੰ ਘਰੇਲੂ ਮਹੌਲ ਤੋਂ ਦੂਰ ਹੋਸਟਲਾਂ ਵਿੱਚ ਸੁਅੱਛ ਵਾਤਾਵਰਣ ਵਿੱਚ ਪੜ੍ਹਾਈ ਕਰਵਾਉਣਾ ਹੈ। ਇਨ੍ਹਾਂ ਹੋਸਟਲਾਂ ਵਿੱਚ ਤੀਸਰੀ ਤੋਂ ਲੈ ਕੇ ਦਸਵੀਂ ਜਮਾਤ ਤੱਕ ਦੇ ਵਿਦਿਆਰਥੀਆਂ ਨੂੰ ਰੱਖਿਆ ਜਾਂਦਾ ਹੈ ਅਤੇ ਉਨ੍ਹਾਂ ਦੀ ਰਿਹਾਇਸ਼ ਅਤੇ ਖੁਰਾਕ ਆਦਿ ਦਾ ਸਾਰਾ ਖਰਚਾ ਸਰਕਾਰ ਵਲੋਂ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਇਸ ਸਕੀਮ ਤੇ ਦੂਜੇ ਭਾਗ ਡੇ-ਸਕਾਲਰ ਤੱਕ ਕਵਰ ਕੀਤਾ ਜਾਂਦਾ ਹੈ ਅਤੇ ਇਸ ਅਧੀਨ ਆਉਂਦੇ ਪਹਿਲੀ ਤੋਂ ਪੰਜਵੀਂ, ਛੇਵੀਂ ਤੋਂ ਅੱਠਵੀਂ ਅਤੇ ਨੌਵੀਂ ਤੋਂ ਦਸਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਕਰਮਵਾਰ 25/- ਰੁ: 40/- ਰੁ: 50/- ਰੁ: ਪ੍ਰਤੀ ਮਹੀਨਾ, ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਸਾਲ ਵਿੱਚ 10 ਮਹੀਨੇ ਲਈ ਵਜੀਫ਼ਾ ਦਿੱਤਾ ਜਾਂਦਾ ਹੈ। ਉਕਤ ਵਜੀਫ਼ੇ ਤੋਂ ਇਲਾਵਾ ਇਸ ਸਕੀਮ ਅਧੀਨ ਆਉਂਦੇ ਸਮੂਹ ਵਿਦਿਆਰਥੀਆਂ ਨੂੰ ਸਾਲ ਵਿੱਚ ਇੱਕ ਵਾਰ 300/- ਰੁ: ਪ੍ਰਤੀ ਵਿਦਿਆਰਥੀ ਦੇ ਹਿਸਾਬ ਨਾਲ ਅਡਹਾਕ ਗਰਾਂਟ ਦਿੱਤੀ ਜਾਂਦੀ ਹੈ। ਇਹ ਸਕੀਮ ਜ਼ਿਲ੍ਹਾ ਸਿੱਖਿਆ ਅਫ਼ਸਰ (ਸ:) ਵਲੋਂ ਲਾਗੂ ਕੀਤੀ ਜਾਂਦੀ ਹੈ ਤੇ ਇਸ ਸਕੀਮ ਤਹਿਤ ਗਰਾਂਟ ਵੀ ਦਿੱਤੀ ਜਾਂਦੀ ਹੈ।

### 9. *ਹੋਣਹਾਰ ਵਿਦਿਆਰਥੀਆਂ ਲਈ ਵਜੀਫ਼ਾ:-*

ਪੰਜਾਬ ਸਰਕਾਰ ਵਲੋਂ ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਹੋਣਹਾਰ ਵਿਦਿਆਰਥੀਆਂ ਨੂੰ, ਜੋ 6ਵੀਂ ਤੋਂ 12ਵੀਂ ਜਮਾਤ ਵਿੱਚ ਪੜ੍ਹਦੇ ਹਨ, ਨੂੰ ਸਕੂਲ ਪੱਧਰ ਤੇ ਵਜੀਫ਼ਾ ਦਿੱਤਾ ਜਾਂਦਾ ਹੈ। ਇਸ ਸਕੀਮ ਅਧੀਨ ਹਰ ਇੱਕ ਵਿੱਦਿਅਕ ਬਲਾਕ ਵਿੱਚ ਜਿਹੜੇ ਤਿੰਨ ਲੜਕੇ ਅਤੇ ਤਿੰਨ ਲੜਕੀਆਂ ਪੰਜਵੀਂ, ਅੱਠਵੀਂ ਅਤੇ ਦਸਵੀਂ ਦੇ

ਇਮਤਿਹਾਨ ਵਿੱਚੋਂ ਪਹਿਲੀਆਂ ਤਿੰਨ ਪੁਜੀਸ਼ਨਾਂ, ਆਪਣੀ-2 ਕਲਾਸ ਦੇ ਇਮਤਿਹਾਨ ਵਿੱਚੋਂ ਹਾਸਲ ਕਰਦੇ/ਕਰਦੀਆਂ ਹਨ, ਉਨ੍ਹਾਂ ਨੂੰ 100/- ਰੁ: ਪ੍ਰਤੀ ਮਹੀਨਾ ਮੈਰਿਟ ਸ਼ਕਾਲਰਸ਼ਿਪ ਦਿੱਤਾ ਜਾਂਦਾ ਹੈ। ਪਹਿਲੀਆਂ ਤਿੰਨ ਪੁਜੀਸ਼ਨਾਂ, ਵਿੱਦਿਅਕ ਬਲਾਕ ਪੱਧਰ ਤੇ ਅਪੀਅਰ ਹੋਏ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਦਿਆਰਥੀਆਂ ਵਿੱਚੋਂ ਹੀ ਲਈਆਂ ਜਾਂਦੀਆਂ ਹਨ, ਭਾਵ ਅਨੁਸੂਚਿਤ ਜਾਤੀਆਂ ਨਾਲ ਸਬੰਧਿਤ ਵਿਦਿਆਰਥੀਆਂ ਦੀ ਮੈਰਿਟ ਅਲੱਗ ਕੱਢੀ ਜਾਂਦੀ ਹੈ। ਪੰਜਵੀਂ ਦੇ ਇਮਤਿਹਾਨ ਦੇ ਅਧਾਰ ਤੇ ਚੁਣੇ ਗਏ ਅਜਿਹੇ ਵਿਦਿਆਰਥੀਆਂ ਨੂੰ ਲਗਾਤਾਰ ਤਿੰਨ ਸਾਲ ਮੈਰਿਟ-ਸਕਾਲਰਸ਼ਿਪ ਅਤੇ ਅੱਠਵੀਂ ਅਤੇ ਦਸਵੀਂ ਦੇ ਇਮਤਿਹਾਨਾਂ ਦੇ ਅਧਾਰ ਤੇ ਚੁਣੇ ਗਏ ਵਿਦਿਆਰਥੀਆਂ ਨੂੰ ਲਗਾਤਾਰ ਦੋ-ਦੋ ਸਾਲ ਵਜ਼ੀਫ਼ਾ ਦਿੱਤਾ ਜਾਂਦਾ ਹੈ। ਇਹ ਸਕੀਮ ਸਿੱਧੀ ਜ਼ਿਲ੍ਹਾ ਸਿੱਖਿਆ ਅਫ਼ਸਰਾਂ ਰਾਹੀਂ ਲਾਗੂ ਕੀਤੀ ਜਾਂਦੀ ਹੈ।

## 10. *ਜ਼ਿਲ੍ਹਾ ਪੱਧਰ ਤੇ ਸਟੈਨੋਗ੍ਰਾਫੀ ਸਿਖਲਾਈ:-*

ਇਸ ਸਕੀਮ ਅਧੀਨ ਅਨੁਸੂਚਿਤ ਜਾਤੀਆਂ ਦੇ ਨੌਜਵਾਨ ਲੜਕੇ/ਲੜਕੀਆਂ ਜਿਨ੍ਹਾ ਨੇ ਮੈਟ੍ਰਿਕ ਦੂਜੇ ਦਰਜੇ ਵਿੱਚ ਪਾਸ ਕੀਤੀ ਹੋਵੇ, ਨੂੰ ਪੰਜਾਬੀ ਟਰੇਡ ਵਿੱਚ ਭਾਸ਼ਾ ਵਿਭਾਗ ਵਲੋਂ ਜ਼ਿਲ੍ਹਾ ਪੱਧਰ ਤੇ ਚਲਾਏ ਜਾ ਰਹੇ ਸੈਂਟਰਾਂ ਵਿੱਚ ਇੱਕ ਸਾਲ ਦੀ ਟ੍ਰੇਨਿੰਗ ਦਿੱਤੀ ਜਾਂਦੀ ਹੈ। ਟ੍ਰੇਨਿੰਗ ਦੌਰਾਨ ਹਰ ਸਿੱਖਿਆਰਥੀਆਂ ਨੂੰ 250/- ਰੁ: ਪ੍ਰਤੀ ਮਹੀਨਾ ਦੇ ਹਿਸਾਬ ਨਾਲ ਵਜ਼ੀਫ਼ਾ ਦਿੱਤਾ ਜਾਂਦਾ ਹੈ। ਇਸ ਮੰਤਵ ਲਈ ਕੁੱਲ 15 ਸੀਟਾਂ ਜ਼ਿਲ੍ਹਾ ਪੱਧਰ ਤੇ ਭਾਸ਼ਾ ਵਿਭਾਗ ਵਿਖੇ ਟ੍ਰੇਨਿੰਗ ਦੇਣ ਲਈ ਰੱਖੀਆਂ ਜਾਂਦੀਆਂ ਹਨ। ਟ੍ਰੇਨਿੰਗ ਦਾ ਸਮਾਂ ਸਤੰਬਰ ਤੋਂ ਅਗਸਤ ਤੱਕ ਰੱਖਿਆ ਗਿਆ ਹੈ। ਇਸ ਸਬੰਧੀ ਵਿਗਿਆਪਨ ਅਖਬਾਰਾਂ ਵਿੱਚ ਭਾਸ਼ਾ ਵਿਭਾਗ ਵਲੋਂ ਹੀ ਦਿੱਤਾ ਜਾਂਦਾ ਹੈ।

## 11. *ਸਿਵਲ ਅਧਿਕਾਰਾਂ ਦੀ ਸੁਰੱਖਿਆ ਐਕਟ 1955:-*

**ਛੂਤ-ਛਾਤ ਦੂਰ ਕਰਨ ਦੀ ਸਕੀਮ:** ਇਸ ਪ੍ਰੋਗਰਾਮ ਅਧੀਨ ਪੰਜਾਬ ਰਾਜ ਵਿੱਚ ਛੂਤ-ਛਾਤ ਨੂੰ ਖਤਮ ਕਰਨ ਲਈ ਅੰਤਰ-ਜਾਤੀ ਵਿਆਹ ਜੋੜਿਆਂ ਨੂੰ ਜਿਸ ਵਿੱਚ ਇੱਕ ਅਨੁਸੂਚਿਤ ਜਾਤੀ ਦਾ ਹੋਵੇ, ਨੂੰ 25,000/- ਰੁ: ਪ੍ਰਤੀ ਜੋੜੇ ਦੇ ਹਿਸਾਬ ਨਾਲ ਇਨਾਮ ਵਜੋਂ ਦਿੱਤੇ ਜਾਂਦੇ ਹਨ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਅਧੀਨ ਚੰਗੀਆਂ ਪੰਚਾਇਤਾਂ, ਸਵੈ-ਸੇਵੀ ਸੰਸਥਾਵਾਂ ਅਤੇ ਲਿਖਾਰੀਆਂ ਨੂੰ ਯੋਗ ਵਿੱਤੀ ਸਹਾਇਤਾ ਨਾਲ ਸਨਮਾਨਿਤ ਕੀਤਾ ਜਾਂਦਾ ਹੈ। ਇਸ ਸਕੀਮ ਅਧੀਨ ਅਰਜ਼ੀ ਇਸ ਮਹਿਕਮੇ ਨੂੰ ਸਾਦੇ ਕਾਗਜ਼ ਤੇ ਦਿੱਤੀ ਜਾਂਦੀ ਹੈ।

## 12. *ਸਮਾਜ ਕਲਿਆਣ ਕੇਂਦਰ:-*

ਪਿੰਡਾਂ ਦੀਆਂ ਅਨੁਸੂਚਿਤ ਜਾਤੀ ਦੀਆਂ ਲੜਕੀਆਂ ਨੂੰ ਸਿਲਾਈ ਕਢਾਈ ਦਾਂ ਕੰਮ ਸਿਖਾਉਣ ਲਈ ਇੱਕ ਸੈਂਟਰ ਪਿੰਡ ਖੜਕ ਸਿੰਘ ਵਾਲਾ ਵਿਖੇ ਚਲਦਾ ਹੈ, ਜਿਸ ਵਿੱਚ ਬਾਲਵਾੜੀ ਅਤੇ ਬਾਲਗ ਸਿੱਖਿਆ ਦੀਆਂ ਕਲਾਸਾਂ ਵੀ ਚਲਾਈਆਂ ਜਾਂਦੀਆਂ ਹਨ। ਟ੍ਰੇਨਿੰਗ ਉਪਰੰਤ ਪ੍ਰਤੀ ਕੇਂਦਰ 20 ਸਿੱਖਿਆਰਥਣਾਂ ਨੂੰ ਉਨ੍ਹਾਂ ਦੀ ਨਿੱਜੀ ਵਰਤੋਂ ਵਾਸਤੇ ਇੱਕ-ਇੱਕ ਸਿਲਾਈ ਮਸ਼ੀਨ ਮੁਫ਼ਤ ਦਿੱਤੀ ਜਾਂਦੀ ਹੈ।

## 13. *ਟਰੇਨਿੰਗ-ਕਮ-ਪ੍ਰੋਡਕਸ਼ਨ ਸੈਂਟਰ :*

ਇਸ ਜ਼ਿਲ੍ਹੇ ਵਿੱਚ ਕੋਈ ਟਰੇਨਿੰਗ-ਕਮ-ਪ੍ਰੋਡਕਸ਼ਨ ਸੈਂਟਰ ਨਹੀਂ ਚਲ ਰਿਹਾ ਹੈ।

## 14. *ਵਿਸੇਸ਼ ਰੋਜ਼ਗਾਰ ਸੈੱਲ:-*

ਜ਼ਿਲ੍ਹੇ ਵਿੱਚ ਇੱਕ ਸਪੈਸ਼ਲ ਰੋਜ਼ਗਾਰ ਸੈਲ ਖੋਲ੍ਹਿਆ ਗਿਆ ਹੈ, ਜੋ ਅਨੁਸੂਚਿਤ ਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦੇ ਵਿਅਕਤੀਆਂ ਨੂੰ ਕਲੈਰੀਕਲ/ਤਕਨੀਕੀ ਨੌਕਰੀਆਂ ਦਿਵਾਉਣ ਵਿੱਚ ਸਹਾਇਤਾ ਕਰਦਾ ਹੈ।